# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਐਸ.ਸੀ.ਓ-104-106, ਸੈਕਟਰ- 34 ਏ, ਚੰਡੀਗੜ੍ਹ ਫੋਨ ਨੰ- **0172- 2623207**

## ਜਨਤਕ ਸੂਚਨਾ

1.0 ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵਲੋ ਐਸ.ਐਸ.ਏ ਅਤੇ ਆਰ.ਐਮ.ਐਸ.ਏ ਦੇ ਤਹਿਤ **ਹਿੰਦੀ, ਸਾਇੰਸ, ਪੰਜਾਬੀ, ਮੈਥ ਅਤੇ ਅੰਗਰੇਜ਼ੀ** ਵਿਸ਼ੇ ਦੀਆਂ ਅਸਾਮੀਆਂ ਲਈ ਵਿਗਿਆਪਨ ਮਿਤੀ 20.11.2010 ਅਤੇ ਮਿਤੀ 3.12.2010 ਨੂੰ ਅਜੀਤ, ਹਿੰਦੁਸਤਾਨ ਟਾਇਮਜ਼, ਪੰਜਾਬ ਕੇਸਰੀ ਆਦਿ ਵਿੱਚ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ, ਜਿਸ ਦੇ ਤਹਿਤ ਉਮੀਦਵਾਰ ਨੇ (ਐਸ.ਐਸ.ਏ, ਆਰ.ਐਮ.ਐਸ.ਏ ਜਾਂ ਦੋਨੋ) ਲਈ ਅਪਲਾਈ ਕੀਤਾ ਸੀ, ਜਿਸ ਦਾ ਲਿਖਤੀ ਟੈਸਟ ਮਿਤੀ 27/12/2010, 28/12/2010 ਅਤੇ 29/12/2010 ਨੂੰ ਲਿਆ ਗਿਆ ਸੀ, ਜਿਸ ਦਾ ਨਤੀਜਾ ਵੈਬਸਾਇਟ www.ssapunjab.org ਤੇ ਉਪਲਬਧ ਹੈ, ਇਸ ਟੈਸਟ ਵਿੱਚ ਸਫਲ ਹੋਏ ਉਮੀਦਵਾਰਾਂ ਦੀ ਆਰ.ਐਮ.ਐਸ.ਏ ਅਧੀਨ ਖਾਲੀ ਪੋਸਟਾਂ ਭਰਨ ਲਈ ਪਹਿਲੀ ਕਾਉਨਸਲਿੰਗ ਮਿਤੀ 30.05.2011 ਅਤੇ 31.05.2011 ਨੂੰ ਐਸ.ਐਸ.ਏ ਨਗਰ (ਮੋਹਾਲੀ) ਵਿਖੇ ਕੀਤੀ ਗਈ ਸੀ।

2.0 ਜਿਸ ਦੀ ਲਗਾਤਾਰਤਾ ਵਿੱਚ ਆਰ.ਐਮ.ਐਸ.ਏ ਅਧੀਨ ਸਕੂਲਾਂ ਵਿੱਚ **ਹਿੰਦੀ, ਸਾਇੰਸ, ਪੰਜਾਬੀ, ਮੈਥ ਅਤੇ ਅੰਗਰੇਜ਼ੀ** ਵਿਸ਼ੇ ਦੀਆਂ ਖਾਲੀ ਰਹਿ ਗਈਆਂ ਪੋਸਟਾਂ ਭਰਨ ਲਈ **ਦੂਜੀ ਕਾਉਨਸਲਿੰਗ ਮਿਤੀ 2.08.2011** ਨੂੰ **ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ਼ -3 ਬੀ 1, ਐਸ.ਐਸ.ਏ ਨਗਰ (ਮੋਹਾਲੀ)** ਵਿੱਚ ਸਵੇਰੇ 9:00 ਵਜੇ ਹੋਵੇਗੀ। ਜਿਹਨ੍ਹਾ ਉਮੀਦਵਾਰਾਂ ਨੂੰ ਕਾਉਨਸਲਿੰਗ ਲਈ ਬੁਲਾਇਆ ਜਾ ਰਿਹਾ ਹੈ ਉਹਨ੍ਹਾ ਦੀ ਕਟ ਆਫ ਮੈਰਿਟ ਲਿਸਟ ਹੇਠ ਲਿਖੇ ਅਨੁਸਾਰ ਹੈ :

## ਕਟ ਆਫ ਮੈਰਿਟ (ਆਰ.ਐਮ.ਐਸ.ਏ)- ਦੂਜੀ ਕਾਉਨਸਲਿੰਗ

| Sr No | Category | | Science Cut Off Merit Marks | Maths Cut Off Merit Marks | English Cut Off Merit Marks | Hindi Cut Off Merit Marks | Punjabi Cut Off Merit Marks |
|---|---|---|---|---|---|---|---|
| 1 | General | | 25.75 | 40.5 | 53.25 | 55.25 | 75 |
| 2 | Schedule Caste "M & B" | | 14 | 14 | 21.75 | 31 | 63.75 |
| 3 | Schedule Caste "R & O" | | 18.50 | 23 | 42.75 | 50.25 | 71.25 |
| 4 | Schedule Caste Sportsman "M & B" | Grade A | -- | -- | -- | -- | 29 |
| | | Grade B | -- | -- | -- | 15.50 | 47 |
| | | Grade C | -- | -- | -- | -- | -- |
| 5 | Schedule Caste Sportsman "R & O" | Grade A | -- | -- | -- | 20 | 34.25 |
| | | Grade B | -- | -- | -- | 46.25 | 47.75 |
| | | Grade C | -- | -- | -- | 22 | -- |
| 6 | Backward Class | | 22.25 | 32.50 | 47 | 53.75 | 73 |
| 7 | Backward Class EX SM | Self | 16.25 | -- | 33.75 | 14.5 | 30 |
| | | Dependent | 15.5 | 14 | 20 | 30.25 | 59 |
| 8 | EX Serviceman | Self | 15.5 | 14 | 22.75 | 14.5 | 26.50 |
| | | Dependent | 14 | 19.25 | 36.25 | 40 | 75 |
| 9 | Physically Handicap | Visual | -- | 14 | 17.25 | 26.25 | 52.50 |
| | | Ortho | 14.25 | 23.75 | 35 | 45.25 | 71.50 |
| | | Hard of Hearing | -- | 14 | 23 | 14.50 | 50 |
| 10 | Freedom Fighter | Son/ Daughter | 15 | 14 | 21.50 | 15.75 | 46.5 |
| | | Grandson/ Grand Daughter | 15.75 | 23.25 | 41 | 56 | -- |
| 11 | Sportsman | Grade A | -- | 14 | 23.25 | 14 | 27.25 |
| | | Grade B | 16 | 14 | 14 | 25.50 | 68.75 |
| | | Grade C | 29.5 | 37.50 | 44.25 | -- | -- |
| 12 | Schedule Caste EX SM "M & B" | Self | -- | -- | 30 | 14 | 38.75 |
| | | Dependent | -- | -- | 15 | 14.50 | 55.25 |
| 13 | Schedule Caste EX SM "R & O" | Self | 23.75 | -- | -- | 20 | 26.25 |
| | | Dependent | 14 | 14 | 19.50 | 32.25 | 73.25 |

ਨੋਟ: 1) ਕੇਵਲ ਕਾਉਨਸਲਿੰਗ ਵਿੱਚ ਹਾਜਰ ਹੋਣ ਨਾਲ ਕਿਸੇ ਉਮੀਦਵਾਰ ਦਾ ਨਿਯੁਕਤੀ ਲਈ ਅਧਿਕਾਰ ਨਹੀ ਬਣ ਜਾਵੇਗਾ ਅਤੇ ਨਿਯੁਕਤੀ ਕੇਵਲ ਮੈਰਿਟ/ ਉਪਲਬਧ ਖਾਲੀ ਅਸਾਮੀਆਂ ਦੀ ਗਿਣਤੀ ਦੇ ਅਧਾਰ ਤੇ ਕੀਤੀ ਜਾਵੇਗੀ।

2) ਜੇਕਰ ਕਿਸੇ ਉਮੀਦਵਾਰਾਂ ਦੀ ਮੈਰਿਟ ਇਕੋ ਜਿਹੀ ਹੋਵੇ ਤਾਂ ਉਹਨ੍ਹਾ ਦੀ ਨਿਯੁਕਤੀ ਵੇਲੇ ਵਿਭਾਗ ਵੱਲੋ ਕੋਈ ਵੀ ਤਰਕ ਸੰਗਤ ਵਿਧੀ ਅਪਣਾਈ ਜਾਵੇਗੀ।

3) ਕਾਉਨਸਲਿੰਗ ਵਿੱਚ ਕੇਵਲ ਉਹੀ ਉਮੀਦਵਾਰ ਹਾਜ਼ਰ ਹੋਣ, ਜਿਹਨ੍ਹਾ ਨੂੰ ਉਪਰੋਕਤ ਕਟ ਆਫ ਮੈਰਿਟ ਅਨੁਸਾਰ ਕਾਉਨਸਲਿੰਗ ਵਿੱਚ ਬੁਲਾਇਆ ਗਿਆ ਹੈ ਅਤੇ ਜਿਹਨ੍ਹਾ ਨੂੰ ਆਰ.ਐਮ.ਐਸ.ਏ ਜਾਂ **Both** ਵਾਸਤੇ ਅਪਲਾਈ ਕੀਤਾ ਸੀ। ਜੇਕਰ ਕਿਸੇ ਉਮੀਦਵਾਰ ਕੋਲ ਕੋਈ ਦਸਤਾਵੇਜ਼ ਕਾਉਨਸਲਿੰਗ ਵਿੱਚ ਉਪਲਬਧ ਨਹੀ ਹੋਵੇਗਾ ਤਾਂ ਉਸ ਨੂੰ ਅਯੋਗ ਘੋਸ਼ਿਤ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਉਸ ਨੂੰ ਇਸ ਨਿਯੁਕਤੀ ਲਈ ਨਹੀ ਵਿਚਾਰਿਆ ਜਾਵੇਗਾ ਅਤੇ ਜਿਹੜੇ ਉਮੀਦਵਾਰ ਪਿਛਲੀ ਕਾਉਨਸਲਿੰਗ ਵਿੱਚ ਗੈਰਹਾਜਰ ਸਨ, ਉਹਨ੍ਹਾ ਨੂੰ ਅਖੀਰਲਾ ਮੋਕਾ ਦਿਤਾ ਜਾਂਦਾ ਹੈ, ਉਹ ਵੀ ਕਾਉਨਸਲਿੰਗ ਵਿੱਚ ਹਾਜਰ ਹੋ ਸਕਦੇ ਹਨ।

4) ਕਾਉਨਸਲਿੰਗ ਵਿੱਚ ਲੋੜੀਦੇ ਦਸਤਾਵੇਜ਼:–

(1) ਰੋਲ ਨੰਬਰ ਸਲਿਪ, ਇਕ ਪਾਸਪੋਰਟ ਸਾਇਜ ਫੋਟੋ, ਸਾਰੇ ਅਸਲ ਦਸਤਾਵੇਜ਼, ਜਾਤੀ ਸਬੰਧੀ ਦਸਤਾਵੇਜ਼, ਕੈਟਾਗਿਰੀ ਦਸਤਾਵੇਜ਼, ਰਿਹਾਇਸੀ ਸਰਟੀਫਿਕੇਟ ਅਤੇ ਉਹਨਾਂ ਦੀਆਂ ਤਸਦੀਕ ਸ਼ੁਦਾ ਫੋਟੋ ਕਾਪੀਆਂ ਆਦਿ ।

(2) ਮਿਤੀ 20.01.2011 ਤੋ 28.01.2011 ਤੱਕ ਹੋਈ ਕਾਉਨਸਲਿੰਗ ਵਿੱਚ ਜਿਹਨ੍ਹਾਂ ਉਮੀਦਵਾਰਾਂ ਨੂੰ ਐਸ.ਐਸ.ਏ ਅਧੀਨ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁਕੇ ਹਨ, ਉਹ ਜੇਕਰ ਆਰ.ਐਮ.ਐਸ.ਏ ਦੀਆਂ ਅਸਾਮੀਆਂ ਵਿੱਚ ਦਿਲਚਸਪੀ ਰੱਖਦੇ ਹਨ ਤਾਂ ਕਾਉਨਸਲਿੰਗ ਵਿੱਚ ਹਾਜਰ ਹੋ ਸਕਦੇ ਹਨ, ਬਸਰਤੇ ਉਹਨ੍ਹਾਂ ਦੇ ਆਰ.ਐਮ.ਐਸ.ਏ ਜਾਂ ਦੋਨਾਂ ਵਿੱਚ ਅਪਲਾਈ ਕੀਤਾ ਹੋਵੇ। ਉਹ ਆਪਣਾ ਨਿਯੁਕਤੀ ਪੱਤਰ, ਹਾਜਰੀ ਰਿਪੋਰਟ ਅਤੇ **ID Proof** ਆਦਿ ਲੈਕੇ ਕਾਉਨਸਲਿੰਗ ਵਿੱਚ ਹਾਜਰ ਹੋਣ।

5) ਆਰ.ਐਮ.ਐਸ.ਏ ਅਧੀਨ ਸਕੂਲਾਂ ਵਿੱਚ ਵੱਖ-ਵੱਖ ਵਿਸ਼ੇ ਦੀਆਂ ਖਾਲੀ ਪਈਆਂ ਅਸਾਮੀਆਂ ਦਾ ਵੇਰਵਾ ਵਿਭਾਗ ਦੀ ਵੈਬਸਾਈਟ **www.ssapunjab.org** ਤੇ ਉਪਲਬਧ ਹੈ। ਉਮੀਦਵਾਰਾਂ ਨੂੰ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੇਵਲ ਉਹ ਹੀ ਉਮੀਦਵਾਰ ਕਾਉਨਸਲਿੰਗ ਵਿੱਚ ਹਾਜਰ ਹੋਣ, ਜਿਹੜੇ ਇਹਨ੍ਹਾਂ ਸਕੂਲਾਂ ਵਿੱਚ ਜੁਆਇੰਨ ਕਰਨ ਦੇ ਚਾਹਵਾਨ ਹਨ। ਨਿਯੁਕਤੀ ਉਪਰੰਤ ਸਟੇਸ਼ਨ ਬਦਲਣ ਸਬੰਧੀ ਕੋਈ ਵੀ ਬੇਨਤੀ ਵਿਚਾਰੀ ਨਹੀ ਜਾਵੇਗੀ।

ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ
ਪੰਜਾਬ, ਚਡੀਗੜ੍ਹ